

Piara Singh Datta

We present the following by the leading Punjabi writer Piara Singh Datta from the NAWAN SAHIT (Monthly) for February 1967. As a literary review of unique qualities, we commend this weekly to the attention of our readers. One American dollar can buy you a year's subscription. The address is: Nawan Sahit (monthly) 32-B Pleasure Garden Market, Chandni-Chowk, Delhi-6, India.

ਸਵਤੰਤ੍ਰਤਾ ਸੰਗਰਾਮ ਦੀਆਂ ਇਤਿਹਾਸਕ ਵਸਤਾਂ ਸੰਭਾਲੋ

ਪਿਆਰਾ ਸਿੰਘ 'ਦਾਤਾ'

ਆਇਰਲੈਂਡ ਦੀ ਅਜ਼ਾਦੀ ਦੀ ਲੜਾਈ ਲੜਨ ਵਾਲੇ ਸੂਰਬੀਰਾਂ ਦੀ ਯਾਦ ਵਿਚ ਉਥੋਂ ਦੀ ਪਾਰਲੀਮੈਂਟ ਦੇ ਵਡੇ ਹਾਲ ਵਿਚ ਇਕ ਅਜਾਇਬ ਘਰ ਸਥਾਪਨ ਕੀਤਾ ਗਿਆ ਹੈ। ਇਸ ਅਜ਼ਾਦੀ ਦੀ ਲੜਾਈ ਵਿਚ ਜੂਝਣ ਵਾਲੇ ਪ੍ਰਵਾਨਿਆਂ ਤੇ ਅਜ਼ਾਦੀ ਸਬੰਧੀ ਸਾਰੀਆਂ ਘਟਨਾਵਾਂ ਦੀਆਂ ਤਸਵੀਰਾਂ ਮੌਜੂਦ ਹਨ। ਇਥੇ ਉਨ੍ਹਾਂ ਦੀਆਂ ਵਰਦੀਆਂ, ਉਨ੍ਹਾਂ ਦੇ ਬੈਜ ਤੇ ਝੰਡੇ ਆਦਿ ਵੇਖਣ ਨੂੰ ਮਿਲਣਗੇ। ਕਰਾਂਤਕਾਰੀਆਂ ਦੀਆਂ ਲਿਖੀਆਂ ਪੁਸਤਕਾਂ, ਉਨ੍ਹਾਂ ਦੇ ਐਲਾਨਨਾਮੇ ਤੇ ਖੁਫੀਆ ਚਿਠੀਆਂ ਆਦਿ ਸਭ ਕੁਝ ਬੜੀ ਸੰਭਾਲ ਨਾਲ ਰਖੇ ਹੋਏ ਹਨ।

ਪਹਿਲੇ ਸੰਸਾਰ ਯੁਧ ਸਮੇਂ ਆਇਰਲੈਂਡ ਦੇ ਜਰਨੈਲ ਰਾਜਰਸ ਕੇਸਮੈਂਟ ਨੇ ਦੇਸ਼ ਨੂੰ ਅਜ਼ਾਦ ਕਰਾਣ ਲਈ ਜਰਮਨੀ ਦੀ ਸਹਾਇਤਾ ਨਾਲ ਆਇਰਸ਼ ਅਜ਼ਾਦੀ ਦੇ ਪ੍ਰਵਾਨਿਆਂ ਦੀ ਇਕ ਕੌਮੀ ਫ਼ੌਜ ਤਿਆਰ ਕੀਤੀ ਸੀ। ਉਹ ਜਹਾਜ਼ ਰਾਹੀਂ ਦੇਸ਼ ਆ ਰਿਹਾ ਸੀ, ਕਿ ਅੰਗਰੇਜ਼ਾਂ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ।

ਬਹਾਦਰ ਜਰਨੈਲ ਰਾਜਰਸ ਕੇਸਮੈਂਟ ਨੂੰ ਅੰਗਰੇਜ਼ਾਂ ਨੇ ਹਿੰਦ ਦੀ ਅਜ਼ਾਦੀ ਦੇ ਹੀਰੇ ਕਰਤਾਰ ਸਿੰਘ ਸਰਾਭਾ ਤੇ ਭਗਤ ਸਿੰਘ, ਸੁਖਦੇਵ, ਰਾਜਗੁਰੂ ਆਦਿ ਹਜ਼ਾਰਾਂ ਵਤਨ ਦੇ ਸ਼ੈਦਾਈਆਂ ਵਾਂਗ ਫਾਂਸੀ ਤੇ ਲਟਕਾ ਦਿੱਤਾ। ਉਨ੍ਹਾਂ ਦੀ ਪੂਰੀ ਜੀਵਣੀ ਤੇ ਜਦੋ-ਜਹਿਦ ਦੇ ਸੰਪੂਰਨ ਹਾਲਾਤ ਅਜਾਇਬ ਘਰ ਵਿਚ ਵੇਖਣ ਨੂੰ ਮਿਲਦੇ ਹਨ।

ਸ਼ਹੀਦ ਭਗਤ ਸਿੰਘ ਦੇ ਸਾਥੀ ਜਤਿੰਦਰ ਨਾਥ ਦਾਸ ਵਾਂਗ ਆਇਰਲੈਂਡ ਦੇ ਸੂਰਬੀਰ ਟੇਰੇਂਸ ਮੈਕਸਿਵਨੀ ਨੇ ੭੪ ਦਿਨਾਂ ਦੀ ਭੁਖ ਹੜਤਾਲ ਪਿਛੋਂ ਸ਼ਹੀਦੀ ਪ੍ਰਾਪਤ ਕੀਤੀ। ਦੇਸ਼ ਭਗਤ ਮੈਕਸਿਵਨੀ ਦੀ ਆਦਮ ਕਦ ਤਸਵੀਰ ਇਸ ਅਜਾਇਬਘਰ ਵਿਚ ਮੌਜੂਦ ਹੈ। ਡੀ: ਵਲੇਰਾ ਦੇ ਸਕੱਤ੍ਰ ਤੇ ਸਾਥੀ ਹੈਰੀ ਬੋਲੈਂਡ, ਡੀ: ਵਲੇਰਾ ਨੂੰ ਇਕ ਖੁਫੀਆ ਚਿੱਠੀ ਪੁਚਾਣ ਆਪਣੇ ਬੂਟਾਂ ਦੇ ਤਲੇ ਵਿਚ ਛੁਪਾਕੇ ਲਿਜਾ ਰਿਹਾ ਸੀ, ਤਾਂ ਰਾਹ ਵਿਚ ਉਸ ਨੂੰ ਫੜ ਲਿਆ ਗਿਆ। ਉਸ ਨੂੰ ਕਤਲ ਕਰ ਦਿਤਾ ਗਿਆ, ਪਰ ਉਸ ਦੇ ਬੂਟ ਪਵਿੱਤਰ ਯਾਦਗਾਰ ਦੇ ਤੌਰ ਤੇ ਇਸ ਅਜਾਇਬਘਰ ਵਿਚ ਮੌਜੂਦ ਹਨ। ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਹਰੀਕ੍ਰਿਸ਼ਨ ਸਰਹੱਦੀ ਵਾਂਗ ਕੇਵਲ ੧੯ ਸਾਲਾਂ ਦੀ ਉਮਰ ਵਿਚ ਆਇਰਲੈਂਡ ਦੇ ਬਹਾਦਰ ਨੌ-ਜਵਾਨ ਕੇਵਨ ਬੈਰੀ ਨੂੰ ਫਾਂਸੀ ਚੜ੍ਹਾ ਦਿੱਤਾ ਗਿਆ। ਇਥੇ ਉਸ ਦੀ ਤਸਵੀਰ ਵੀ ਵੇਖਣ ਨੂੰ ਮਿਲੇਗੀ।

ਇਸ ਅਜਾਇਬਘਰ ਵਿਚ, ਜੇਲ੍ਹਾਂ ਵਿਚ ਵੱਡੀਆਂ ਵੱਡੀਆਂ ਕੀਤੀਆਂ, ਭੁਖ ਹੜਤਾਲਾਂ ਦੇ ਹੀਰਿਆਂ ਦੇ ਬੁਤ ਰਖੇ ਗਏ ਹਨ। ਉਨ੍ਹਾਂ ਦੀਆਂ ਮੁੰਦਰੀਆਂ, ਵਰਤਣ ਵਾਲੀਆਂ ਕਲਮਾਂ, ਪੈਨਸਲਾਂ, ਉਨ੍ਹਾਂ ਦੇ ਪਹਿਨਣ ਵਾਲੇ ਫਟੇ ਪੁਰਾਣੇ ਕਪੜੇ, ਜਿਨ੍ਹਾਂ ਵਿਚ ਹਾਲੀਂ ਤੀਕ ਗੋਲੀਆਂ ਦੇ ਨਿਸ਼ਾਨ ਮੌਜੂਦ ਹਨ; ਬੜੀ ਸੰਭਾਲ ਨਾਲ ਰਖੇ ਹੋਏ ਹਨ। ਦੇਸ਼ ਵਾਸੀ ਦੇਸ਼ ਦੇ ਕੋਨੇ ਕੋਨੇ ਤੋਂ ਚਾਈਂ ਚਾਈਂ ਇਨ੍ਹਾਂ ਅਜ਼ਾਦੀ ਦੇ ਪ੍ਰਵਾਨਿਆਂ ਦੇ ਦਰਸ਼ਨ ਕਰਨ ਆਉਂਦੇ ਹਨ। ਉਨ੍ਹਾਂ ਦੀਆਂ ਵੀਰਤਾ ਦੀਆਂ ਕਹਾਣੀਆਂ ਪੜ੍ਹਦੇ ਹਨ। ਬੁਢੇ ਬਚੇ ਜਵਾਨ ਇਸਤ੍ਰੀਆਂ ਸਭ ਇਨ੍ਹਾਂ ਸੂਰਬੀਰਾਂ ਦੀ ਪੂਜਾ ਕਰਦੇ ਹਨ, ਜਿਨ੍ਹਾਂ, ਉਨ੍ਹਾਂ ਦੇ ਦੇਸ਼ ਨੂੰ ਅਜ਼ਾਦ ਕਰਾਣ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ ਸੀ।

ਰੂਸ ਦੀ ਅਜ਼ਾਦੀ ਦੇ ਅਲੰਬਰਦਾਰ ਸੂਰਬੀਰ ਲੈਨਨ ਦੇ ਸਰੀਰ ਨੂੰ ਹਾਲੀਂ ਤੀਕ ਉਸੇ ਹਾਲਤ ਵਿਚ ਰਖਿਆ ਹੋਇਆ ਹੈ, ਤੇ ਦੇਸ਼ ਵਾਸੀ ਅਰ ਪ੍ਰਦੇਸੀ ਯਾਤਰੀ ਬੜੇ ਸਤਿਕਾਰ ਨਾਲ ਅਜ਼ਾਦੀ ਦੇ ਹੀਰੇ ਨੂੰ ਸ਼ਰਧਾਂਜਲੀ ਭੇਟ ਕਰਨ ਆਉਂਦੇ ਹਨ, ਪਰ ਉਨ੍ਹਾਂ ਦੇ ਅੰਤ੍ਰਿਕਤ ਸਾਡੇ ਦੇਸ਼ ਦੀ ਆਜ਼ਾਦੀ ਦੇ ਲੜਾਕੂਆਂ(Freedom Fighters) ਨਾਲ ਕੀ ਬੀਤੀ ? ਇਸ ਤੋਂ ਪਾਠਕ ਭਲੀ ਪ੍ਰਕਾਰ ਜਾਣੂ ਹਨ। ਸੰਨ ੧੯੫੮ ਵਿਚ ਸ਼ਹੀਦ ਭਗਤ ਸਿੰਘ ਦਾ ਸਾਥੀ ਬਟਕੇਸ਼ਵਰ ਦਤ ਦਿੱਲੀ ਆਕੇ ਪੰਡਤ ਜਵਾਹਰ ਲਾਲ ਨੂੰ ਮਿਲਿਆ, ਤਾਂ ਸਾਡੇ ਪ੍ਰਧਾਨ ਮੰਤਰੀ ਜੀਆਂ ਨੂੰ ਪਤਾ ਲਗਾ ਕਿ ਹਾਲੀਂ ਤੀਕ ਦਤ ਜੀਉਂਦਾ ਹੈ। ਆਮ ਦੇਸ਼ ਵਾਸੀਆਂ ਦਾ ਤਾਂ ਕਹਿਣਾ ਹੀ ਕੀ ? ਹਜ਼ਾਰਾਂ ਕੁਰਬਾਨੀ ਦੇ ਪੁਤਲੇ, ਜਿਹੜੇ ਅਜ਼ਾਦੀ ਦੀ ਲੜਾਈ ਵਿਚ ਮੌਤ ਨੂੰ ਜਫੀਆਂ ਪਾਣ ਲਈ ਮੈਦਾਨ ਵਿਚ ਨਿਤਰੇ, ਉਹ ਫਾਂਸੀਉਂ ਬਚ ਗਏ, ਉਮਰ ਕੈਦਾਂ ਕਟੀਆਂ, ਜੇਹਲ ਵਿਚ ਆਪਣੀਆਂ ਜਵਾਨੀਆਂ ਘੋਲ ਘੁਮਾਈਆਂ, ਪ੍ਰੰਤੂ ਅਜ ਉਹ ਦਰ-ਬਦਰ ਰੁਲ ਰਹੇ ਹਨ।

ਗਦਰ ਪਾਰਟੀ ਦਾ ਯੁਗਾਂਤਰ ਆਸ਼ਰਮ, ਜਿਸ ਦੀ ਨੀਂਹ ਵੀਹਵੀਂ ਸਦੀ ਦੇ ਅਰੰਭ ਵਿਚ ਭਾਰਤ ਤੋਂ ਅਮਰੀਕਾ ਗਏ ਦੇਸ਼ ਭਗਤਾਂ ਨੇ ਦੇਸ਼ ਦੀ ਅਜ਼ਾਦੀ ਦੀ ਜਦੋ ਜਹਿਦ ਲਈ, ਸਾਂਸਫਰਾਂਸਿਸਕੋ ਵਿਚ ਰਖੀ ਸੀ, ਉਸ ਦੀ ੧੯੪੮ ਤੀਕ ਬੜੀ ਤਰਸ ਯੋਗ ਦਸ਼ਾ ਰਹੀ। ਸਾਂਸਫਰਾਂਸਿਸਕੋ ਵਿਚ ਰਹਿਣ ਵਾਲੇ ਹਿੰਦੀ ਪਿਆਰਿਆਂ ਸੰਨ ੧੯੪੯ ਵਿਚ ਬਹੁਤ ਸਾਰਾ ਧੰਨ ਖਰਚ ਕੇ ਇਸ ਨੂੰ ਮੁੜ ਉਸਾਰਿਆ। ਕੈਲੇਫੋਰਨੀਆ ਦੇ ਅਖਬਾਰ "The Call of Martyrs" ਦੇ ਕਹਿਣ ਅਨੁਸਾਰ ਉਸ ਸਮੇਂ ਦੇ ਹਿੰਦੀ ਕੌਂਸਲ ਜਨਰਲ ਦੇ ਹੁਕਮ ਅਨੁਸਾਰ ਇਸ ਇਤਿਹਾਸਕ ਅਮਾਰਤ ਨੂੰ ਸਤੰਬਰ ੧੯੬੦ ਵਿਚ ਗਿਰਾ ਦਿਤਾ ਗਿਆ।

ਇਸੇ ਇਤਿਹਾਸਕ 'ਯੁਗਾਂਤਰ ਆਸ਼ਰਮ' ਦੇ ਪ੍ਰੈਸ ਦੀ ਇਤਿਹਾਸਕ ਮਸ਼ੀਨ ਯੁਗਾਂਤਰ ਆਸ਼ਰਮ ਦੇ ਗਿਰ ਜਾਣ ਪਿਛੋਂ ਪੂਰੇ ਬਾਰਾਂ ਸਾਲ ਕਬਾੜੀਆਂ ਦੇ ਢੇਰ ਵਿਚ ਰੁਲਦੀ ਰਹੀ। ਅਖੀਰ ਉਸ ਦੀ ਇਸ ਤਰਸਯੋਗ ਹਾਲਤ ਨੂੰ, ਗਦਰ ਪਾਰਟੀ ਦੇ ਸਕੱਤਰ ਤੇ ਗਦਰ ਅਖਬਾਰ ਦੇ ਅੰਤਮ ਸੰਪਾਦਕ, ਸ: ਕੇਸਰ ਸਿੰਘ ਢਿਲੋਂ ਨਾ ਬਰਦਾਸ਼ਤ ਕਰ ਸਕਿਆ। ਉਸ ਨੂੰ ਯਾਦ ਸੀ; ਕਿਵੇਂ ਇਸ ਪ੍ਰੈਸ ਵਿਚ ਛਪੇ ਗਦਰ ਅਖਬਾਰਾਂ ਰਾਹੀਂ ਦੁਨੀਆਂ ਭਰ ਵਿਚ ਦੇਸ਼ ਦੀ ਅਜ਼ਾਦੀ ਦਾ ਪ੍ਰਚਾਰ ਹੁੰਦਾ ਰਿਹਾ, ਇਸੇ ਰਾਹੀਂ ਸਰਕਾਰੀ ਹਲਕਿਆਂ ਵਿਚ ਸਦਾ ਭੜਥੂ ਪਿਆ ਰਹਿੰਦਾ ਸੀ। ਇਸ ਦੀ ਪ੍ਰੇਰਨਾ ਨਾਲ ਹੀ ਹਜ਼ਾਰਾਂ ਕੌਮੀ ਦੀਵਾਨਿਆਂ ਆਪਣੇ ਲੱਖਾਂ ਦੇ ਕਾਰੋਬਾਰ ਨੂੰ ਤਿਆਗ, ਵਤਨ ਵਲ ਵਹੀਰਾਂ ਘਤ ਦਿੱਤੀਆਂ ਸਨ। ਉਸ ਨੂੰ, ਇਹ ਵੀ ਯਾਦ ਸੀ ਕਿ ੧੯੧੪-੧੫ ਦੀ ਗਦਰ ਲਹਿਰ ਦਾ ਹੀਰੋ ਕਰਤਾਰ ਸਿੰਘ ਸਰਾਭਾ ਨੇ ਅਜ਼ਾਦੀ ਦਾ ਮੁਢਲਾ ਸਬਕ ਇਥੋਂ ਹੀ ਸਿਖਿਆ ਸੀ।

ਹਿੰਦ ਗਦਰ ਪਾਰਟੀ ਦੇ ਮੌਜੂਦਾ ਪ੍ਰਧਾਨ ਸ੍ਰੀ ਕੇਸਰ ਸਿੰਘ ਢਿਲੋਂ ਨੇ; ਉਸ ਹੀਰੇ ਨੂੰ, ਕਬਾੜਖਾਨੇ ਚੋਂ ਚੁਕ ਕੇ ਆਪਣੇ ਘਰ ਔਕਲੈਂਡ ਕੈਲੇਫੋਰਨੀਆਂ ਵਿਚ ਲੈ ਆਂਦਾ। ਇਕ ਕਮਰਾ ਉਸ ਲਈ ਵੱਖਰਾ ਕਰ ਦਿੱਤਾ। ਹੁਣ ਉਨ੍ਹਾਂ ਇਸ ਪ੍ਰੈਸ ਲਈ ਵਖਰਾ ਮਕਾਨ ਖਰੀਦ ਲਿਆ ਹੈ। ਜਿਸ ਵਿਚ ਸੰਭਾਲੀ, ਇਹ ਇਤਿਹਾਸਕ ਯਾਦਗਾਰ, ਦਰਸ਼ਨ ਕਰਨ ਆਇਆਂ ਨੂੰ ਪੁਕਾਰ ਪੁਕਾਰ ਆਪਣੇ ਪੁਰਾਤਨ ਖੂਨੀ ਇਤਿਹਾਸ ਨੂੰ ਦੁਹਰਾਇਆ ਕਰੇਗੀ।

ਯੁਗਾਂਤਰ ਆਸ਼ਰਮ ਤੇ ਯੁਗਾਂਤਰ ਪ੍ਰੈਸ ਵਰਗੀਆਂ ਇਤਿਹਾਸਕ ਯਾਦਾਂ ਨੂੰ ਸੰਭਾਲ ਕੇ ਰਖਣਾ ਹਿੰਦ ਸਰਕਾਰ ਦਾ ਫਰਜ਼ ਹੈ। ਜਿਵੇਂ ਅੰਗਰੇਜ਼ ਸਰਕਾਰ ਸਮੇਂ ਪੁਰਾਤਨ ਸਮੇਂ ਦੀਆਂ ਯਾਦਗਾਰਾਂ ਨੂੰ ਸੰਭਾਲਣ ਲਈ ਇਕ ਵਖਰਾ ਮਹਿਕਮਾ ਖੁੱਲ੍ਹਿਆ ਹੋਇਆ ਸੀ। ਇਵੇਂ ਹੀ ਸਾਡੀ ਸਰਕਾਰ ਨੂੰ ਅਜ਼ਾਦੀ ਸਬੰਧਤ ਹਰ ਚੀਜ਼ ਨੂੰ ਸੰਭਾਲਣ ਲਈ ੧੯੪੭ ਵਿਚ ਹੀ ਇਕ ਮਹਿਕਮਾ ਖੋਲ੍ਹ ਦੇਣਾ ਚਾਹੀਦਾ ਸੀ, ਪਰ ਹੁਣ ਵੀ ਭੁਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਪਾਰਟੀ ਪਾਲਿਟਿਕਸ ਨੂੰ ਤਿਆਗ ਹਰ ਤਰ੍ਹਾਂ ਦੀ ਦੇਸ਼ ਅਜ਼ਾਦੀ ਦੀ ਜਦੋਂ ਜਹਿਦ ਵਿਚ ਜੂਝਣ ਵਾਲਿਆਂ ਦੀਆਂ ਲਿਖਤਾਂ, ਚਿੱਠੀਆਂ ਉਨ੍ਹਾਂ ਦੇ ਕਾਰਨਾਮੇ, ਜੋ ਉਹ ਸ਼ਹੀਦ ਹੋ ਗਏ ਹੋਣ, ਤਾਂ ਉਨ੍ਹਾਂ ਦੇ ਰਿਹਾਇਸ਼ੀ ਅਸਥਾਨ ਆਦਿ ਸਭ ਕੌਮ ਲਈ ਯਾਦਗਾਰ ਦੇ ਤੌਰ ਤੇ ਸੰਭਾਲ ਕੇ ਰਖਣੇ ਚਾਹੀਦੇ ਹਨ। ਰੂਸ ਵਰਗੇ ਦੇਸ਼ਾਂ ਵਿਚ ਤਾਂ ਉਥੋਂ ਦੇ ਕ੍ਰਾਂਤਕਾਰੀ ਲੇਖਕਾਂ ਦੀਆਂ ਕਲਮਾਂ, ਕੁਰਸੀਆਂ, ਮੇਜ਼ ਜਨਮ ਅਸਥਾਨ ਤੀਕ ਕੌਮੀ ਸਰਮਾਇਆ ਸਮਝਿਆ ਜਾਂਦਾ ਹੈ, ਪਰ ਸਾਡੇ ਦੇਸ਼ ਵਿਚ ਦੇਸ਼ ਖਾਤਰ ਜਾਨਾਂ ਵਾਰਨ ਵਾਲੇ ਜੀਂਦੇ ਭਗਤ ਵੀ ਦਰ ਬਦਰ ਰੁਲ ਰਹੇ ਹਨ। ਉਨ੍ਹਾਂ ਦੇ ਇਤਿਹਾਸ ਤੇ ਇਤਿਹਾਸਕ ਵਸਤਾਂ ਨੂੰ ਕਿਸੇ ਨੇ ਕੀ ਸੰਭਾਲਣਾ ਹੈ ?

ਅਸੀਂ ਆਪਣੇ ਹਮਵਤਨਾਂ ਨੂੰ ਵਕਤ ਸਿਰ ਹਲੂਣਾ ਦੇਣਾ ਚਾਹੁੰਦੇ ਹਾਂ ਕਿ ਜੇ ਸਰਕਾਰ ਇਸ ਕੰਮ ਵਿਚ ਨਹੀਂ ਪੈਣਾ ਚਾਹੁੰਦੀ ਤਾਂ ਕੌਮੀ ਯਾਦਗਾਰਾਂ ਨੂੰ ਸੰਭਾਲਣ ਲਈ ਹਰ ਸੂਬੇ ਵਿਚ ਕਿਸੇ ਕੇਂਦਰੀ ਅਸਥਾਨ ਤੇ ਇਨ੍ਹਾਂ ਯਾਦਗਾਰਾਂ ਨੂੰ ਇਕੱਤਰ ਕਰ ਅਜਾਇਬਘਰ ਖੋਲ੍ਹਣੇ ਚਾਹੀਦੇ ਹਨ। ਸਮਾਂ ਬੜੀ ਤੇਜ਼ ਚਾਲ ਨਾਲ ਬੀਤਦਾ ਜਾ ਰਿਹਾ ਹੈ, ਤੇ ਹਾਲੀਂ ਉਹ ਦੇਸ਼ ਭਗਤ ਜੀਉਂਦੇ ਹਨ, ਜਿਨ੍ਹਾਂ ਇਸ ਅਜ਼ਾਦੀ ਦੀ ਜੰਗ ਵਿਚ ਆਪਣੀਆਂ ਆਹੂਤੀਆਂ ਦਿੱਤੀਆਂ ਸਨ, ਉਨ੍ਹਾਂ ਦੇ ਤੁਰ ਜਾਣ ਪਿਛੋਂ ਇਸ ਕੰਮ ਲਈ ਔਖਿਆਈਆਂ ਵਧ ਜਾਣਗੀਆਂ ਤੇ ਆਉਣ ਵਾਲੀਆਂ ਨਸਲਾਂ ਸਾਡੀ ਸੁਸਤੀ ਕਾਰਨ, ਸਾਨੂੰ ਸਦਾ ਕੋਸਦੀਆਂ ਰਹਿਣਗੀਆਂ।

THE INDIA ASSOCIATION, INC.

As we present the newly-elected officers of the INDIA ASSOCIATION, INC., we are pleased to note that among them are our life-members, former members of Board of Directors and other officers and wellwishers of the Hindustan Gadar Party Memorial Committee. We wish them well in their endeavors and assure them of complete reciprocity in supporting each other's programs and projects.

Rajendra S. Madahar, is the Chairman; Mohan D. Khanna, vice-Chairman; Kartar S. Bal, Secretary; Arvind C. Desai, Treasurer; Naranjan S. Heer, legal Advisor; Johan S. Randhawa, Nirmal S. Cheema, Sulakhan S. Dhillon, and Brij Lal Kataria, members of the Board of Directors.